ਪਿਆਰੇ ਮਾਪੇ/ਕੇਅਰਰ

ਇਹ ਸੁਨੇਹਾ ਮਾਪਿਆਂ ਵਾਸਤੇ ਸਤੰਬਰ 2020 ਤੋਂ ਸਕੂਲ ਵਿੱਚ ਹੋਣ ਵਾਲੀ ਹਾਜ਼ਰੀ ਦੇ ਬਾਰੇ ਹੈ ।

ਕੌਂਵੈਂਟਰੀ ਸਿਟੀ ਕਾਉਂਸਲ ਸ਼ਹਿਰ ਦੇ ਸਾਰੇ ਸਕੂਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ ਤਾਕਿ ਮਾਪਿਆਂ, ਬੱਚਿਆਂ ਅਤੇ ਸਕੂਲਾਂ ਦੇ ਕਾਫੀ ਸਾਰੇ ਮੁਸ਼ਕਲ ਮਹੀਨਿਆਂ ਤੋਂ ਬਾਅਦ, ਸਾਰੇ ਬੱਚਿਆਂ ਦਾ ਸਤੰਬਰ ਵਿੱਚ ਮੁੜ ਸੁਆਗਤ ਕੀਤਾ ਜਾ ਸਕੇ । ਇਸ ਸਮੇਂ ਦੌਰਾਨ ਤੁਸੀਂ ਜੋ ਕੰਮ, ਇਹ ਪੱਕਾ ਕਰਨ ਲਈ ਕੀਤਾ ਕਿ ਤੁਹਾਡੇ ਬੱਚੇ/ਬੱਚਿਆਂ ਨੂੰ ਸਿੱਖਿਆ ਮਿਲ ਸਕੇ, ਦੇ ਲਈ ਅਸੀਂ ਮਾਪਿਆਂ ਦਾ ਦਿਲੀ ਧੰਨਵਾਦ ਕਰਨਾ ਚਾਹੁੰਦੇ ਹਾਂ । ਅਸੀਂ ਮਾਪਿਆਂ ਦੇ ਕਾਫੀ ਸਾਰੇ ਕੇਸਾਂ ਦੇ ਬਾਰੇ ਸੁਣਿਆ ਜਿੱਥੇ ਕਿ ਅਕਸਰ ਕਾਫੀ ਮੁਸ਼ਕਲ ਹਾਲਾਤਾਂ ਵਿੱਚ ਹੋਣ ਦੇ ਬਾਵਜੂਦ ਵੀ, ਉਨ੍ਹਾਂ ਨੇ ਆਪਣੇ ਬੱਚੇ ਨੂੰ ਪੜ੍ਹਾਈ ਵਿੱਚ ਮਦਦ ਕਰਨ ਦੇ ਲਈ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ, ਜਦੋਂ ਕਿ ਬਹੁਤੇ ਬੱਚਿਆਂ ਦੇ ਲਈ ਸਕੂਲ ਬੰਦ ਸਨ।

ਲੌਕਡਾਊਨ ਦੇ ਦੌਰਾਨ ਕੁਝ ਬੱਚੇ ਖ਼ੁਸ਼ਕਿਸਮਤ ਰਹੇ ਹਨ ਕਿ ਉਹ ਸਕੂਲ ਜਾ ਸਕੇ । ਅਜਿਹਾ ਇਸ ਕਰਕੇ ਹੋ ਸਕਦਾ ਹੈ ਕਿਉਂਕਿ ਉਹ ਬੱਚੇ ਸੰਕਟ ਵਿੱਚ ਕੰਮ ਕਰਨ ਵਾਲਿਆਂ (ਕ੍ਰਿਟਿਕਲ ਵਰਕਰ) ਦੇ ਹੋਣ ਜਾਂ ਫਿਰ ਅਜਿਹੇ ਬੱਚੇ ਜਿਨ੍ਹਾਂ ਨੂੰ ਸਰੀਰਿਕ ਜਾਂ ਜਜ਼ਬਾਤੀ ਤੌਰ ਤੇ ਕਿਸੇ ਤਰ੍ਹਾਂ ਦਾ ਨੁਕਸਾਨ ਹੋਣ ਦਾ ਖ਼ਤਰਾ ਹੋਵੇ ਜਾਂ ਫਿਰ ਇਸ ਕਰਕੇ ਕਿ ਉਹ ਉਸ ਯੀਅਰ ਗਰੁੱਪ(ਸਾਲ) ਵਿੱਚ ਹਨ ਜਿਨ੍ਹਾਂ ਨੇ 1 ਜੂਨ ਤੋਂ ਥੋੜੇ ਘੰਟਿਆਂ ਲਈ ਵਾਪਸ ਆਉਣਾ(phased return) ਸ਼ੁਰੂ ਕੀਤਾ ਹੈ ।

ਸਾਨੂੰ ਪੱਕਾ ਯਕੀਨ ਹੈ ਕਿ ਮਾਪੇ ਬਹੁਤ ਖ਼ੁਸ਼ ਹਨ ਕਿ ਸਾਰੇ ਬੱਚਿਆਂ ਲਈ ਸਕੂਲ ਸਤੰਬਰ 2020 ਤੋਂ ਮੁੜ ਕੇ ਵਾਪਸ ਖੁੱਲ੍ਹਣ ਜਾ ਰਹੇ ਹਨ, ਬੱਚੇ ਆਪਣੀ ਆਮ ਰੁਟੀਨ ਵਿੱਚ ਵਾਪਿਸ ਜਾ ਸਕਣਗੇ, ਅਤੇ ਸਕੂਲ ਵਿੱਚ ਜੋ ਕੁਝ ਵੀ ਉਨ੍ਹਾਂ ਨੂੰ ਦਿੱਤਾ ਜਾਵੇ, ਉਸਦਾ ਉਹ ਫਾਇਦਾ ਲੈ ਸਕਣ ਅਤੇ ਅਨੰਦ ਮਾਣ ਸਕਣ ।

ਸਕੂਲ ਬੰਦ ਨੂੰ ਲਾਗੂ ਕਰਨ ਤੋਂ ਬਾਅਦ ਸਰਕਾਰ ਨੇ ਮਹੱਤਵਪੂਰਨ ਵਿੱਤੀ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ, ਤਾਕਿ ਸਕੂਲ ਵਾਲੇ ਬੱਚਿਆਂ ਦੀ ਪੜ੍ਹਾਈ ਵਿੱਚ ਆਈ ਕਿਸੇ ਵੀ ਤਰ੍ਹਾਂ ਦੀ ਕਮੀ ਦਾ ਪਤਾ ਲਗਾਉਣਾ ਸ਼ੁਰੂ ਕਰ ਸਕਣ । ਸਾਰੇ ਬੱਚਿਆਂ ਨੂੰ ਪੜ੍ਹਾਉਣ ਦੀ ਇਸ ਕੇਂਦ੍ਰਿਤ ਪਹੁੰਚ ਦਾ ਫਾਇਦਾ ਮਿਲ ਸਕੇ, ਖ਼ਾਸ ਤੌਰ ਤੇ ਸਤੰਬਰ ਤੋਂ ਪਹਿਲੀ ਟਰਮ ਦੇ ਦੌਰਾਨ ।
ਮਾਰਚ ਵਿੱਚ, ਜਦੋਂ ਕਰੋਨਾਵਾਇਰਸ(ਕੋਵਿਡ–19) ਦਾ ਫੈਲਣਾ ਵੱਧ ਰਿਹਾ ਸੀ, ਸਰਕਾਰ ਨੇ ਸਾਫ ਕੀਤਾ ਸੀ ਕਿ ਸਕੂਲ ਤੋਂ ਆਪਣੇ ਬੱਚੇ ਦੀ ਗੈਰ ਹਾਜ਼ਰੀ ਵਾਸਤੇ ਕਿਸੇ ਵੀ ਮਾਪੇ ਨੂੰ ਜ਼ੁਰਮਾਨਾ ਨਹੀਂ ਕੀਤਾ ਜਾਵੇਗਾ ਜਾਂ ਸਰਕਾਰੀ ਤੌਰ ਤੇ ਇਸ ਗ਼ੈਰ ਹਾਜ਼ਰੀ ਦੀ ਮੰਜ਼ੂਰੀ ਦਿੱਤੀ ਸੀ ਕਿਉਂਕਿ ਸਕੂਲ ਉਸ ਵੇਲੇ ਕੁਝ ਇੱਕ ਖ਼ਾਸ ਗਰੁੱਪ ਵਾਲੇ ਬੱਚਿਆਂ ਤੋਂ ਇਲਾਵਾ ਹੋਰ ਸਾਰੇ ਬੱਚਿਆਂ ਲਈ ਬੰਦ ਸਨ ।

ਹੁਣ ਹਾਲਾਤ ਬਦਲ ਗਏ ਹਨ ਅਤੇ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਦਾ ਮਤਲਬ ਹੈ ਕਿ ਬੱਚੇ ਸੁਰੱਖਿਅਤ ਸਕੂਲ ਵਿੱਚ ਵਾਪਸੀ ਕਰ ਸਕਦੇ ਹਨ । ਜਿਨ੍ਹਾਂ ਹੋ ਸਕੇ ਮਹਾਮਾਰੀ ਦਾ ਲੰਬੇ ਸਮੇਂ ਲਈ ਉਨ੍ਹਾਂ ਦੀ ਪੜ੍ਹਾਈ, ਭਲਾਈ ਅਤੇ ਵਧੇਰੇ ਵਿਕਾਸ ਤੇ ਹੋਣ ਵਾਲੇ ਅਸਰ ਨੂੰ ਘਟਾਉਣ ਲਈ ਜ਼ਰੂਰੀ ਹੈ ਕਿ ਸਾਰੇ ਬੱਚੇ ਸਕੂਲ ਵਾਪਸ ਜਾਣ ।
ਅਸੀਂ ਜਾਣਦੇ ਹਾਂ ਕਿ ਬੱਚੇ ਨਾ ਸਿਰਫ ਆਪਣੀ ਪੜ੍ਹਾਈ ਤੋਂ ਖੁੰਝੇ ਹਨ ਬਲਕਿ ਆਪਣੇ ਦੋਸਤਾਂ ਨਾਲ ਹੋਣ ਤੇ ਅਤੇ ਸਕੂਲ ਦੇ ਹੋਰ ਵਧੇਰੇ ਸਮਾਜਿਕ ਪਹਿਲੂਆਂ ਤੋਂ ਵੀ ਖੁੰਝੇ ਹਨ ।

ਕਲਾਸਰੂਮ ਦੇ ਵਿੱਚ ਹੋਰ ਸਮ੍ਹਾਂ ਖੁੰਝਣ ਦੇ ਨਾਲ ਇਹ ਖ਼ਤਰਾ ਹੈ ਕਿ ਬੱਚੇ ਪੜ੍ਹਾਈ ਵਿੱਚ ਹੋਰ ਪਿੱਛੇ ਰਹਿ ਜਾਣਗੇ । ਜਿਨ੍ਹਾਂ ਦੀ ਗੈਰ ਹਾਜ਼ਰੀ ਬਹੁਤ ਜ਼ਿਆਦਾ ਹੁੰਦੀ ਹੈ, ਉਹ ਪ੍ਰਾਇਮਰੀ ਅਤੇ ਸਕੈਂਡਰੀ ਦੋਨਾਂ ਸਕੂਲਾਂ ਵਿੱਚ ਘੱਟ ਪ੍ਰਾਪਤੀ ਕਰਦੇ ਹਨ । **ਇਸ ਲਈ, ਡਿਪਾਰਟਮੈਂਟ ਆਫ ਐਜੂਕੇਸ਼ਨ(Department of Education) ਨੇ ਇਹ ਪੱਕਾ ਕੀਤਾ ਹੈ ਕਿ ਔਟਮ ਟਰਮ(ਸਤੰਬਰ ਤੋਂ ਦਸੰਬਰ) ਦੇ ਸ਼ੁਰੂ ਤੋਂ ਸਕੂਲ ਹਾਜ਼ਰੀ ਮੁੜ ਤੋਂ ਲਾਜ਼ਮੀ ਹੈ ।**

ਇਸਦਾ ਮਤਲਬ ਹੈ ਕਿ 2 ਸਤੰਬਰ 2020 ਤੋਂ, ਸਕੂਲ ਹਾਜ਼ਰੀ ਦੇ ਆਮ ਨਿਯਮ ਲਾਗੂ ਹੋਣਗੇ, ਜਿਨ੍ਹਾਂ ਵਿੱਚ :

- ਇਹ ਮਾਪਿਆਂ ਦਾ ਫ਼ਰਜ਼(ਡਿਊਟੀ) ਹੈ ਕਿ ਉਹ ਆਪਣੇ ਬੱਚੇ ਨੂੰ ਨਿਯਮਿਤ ਤੌਰ ਤੇ ਸਕੂਲ ਭੇਜਣ ਜੇਕਰ ਉਹ ਸਕੂਲ ਜਾਣ ਵਾਲੀ ਲਾਜ਼ਮੀ ਉਮਰ ਤੇ ਹਨ ।
- ਇਹ ਸਕੂਲ ਦੀ ਜ਼ਿੰਮੇਵਾਰੀ ਹੈ ਕਿ ਉਹ ਹਾਜ਼ਰੀ ਦਾ ਰਿਕਾਰਡ ਰੱਖੇ ਅਤੇ ਗੈਰ ਹਾਜ਼ਰੀ ਦਾ ਪਤਾ ਕਰੇ ।
- ਲੋਕਲ ਅਥਾਰਟੀ(ਸਥਾਨਿਕ ਅਦਾਰਾ) ਕਨੂੰਨੀ ਪਾਬੰਦੀਆਂ ਨੂੰ ਮੁੜ ਚਾਲੂ ਕਰ ਸਕਦੀ ਹੈ, ਜਿਸ ਵਿੱਚ ਜ਼ੁਰਮਾਨੇ ਦਾ ਨੋਟਿਸ ਅਤੇ ਕਾਰਵਾਈਆਂ ਜੋ ਕਿ ਨਿਰੰਤਰ ਗ਼ੈਰ ਹਾਜ਼ਰੀ ਲਈ ਕੋਰਟ ਵਿੱਚ ਮੁਕੱਦਮੇ ਵੱਲ ਵੀ ਜਾ ਸਕਦੀਆਂ ਹਨ ।

ਸਤੰਬਰ ਵਿੱਚ ਸਕੂਲ ਮੁੜ–ਖੁੱਲ੍ਹਣ ਤੋਂ ਬਾਅਦ ਜੇਕਰ ਤੁਹਾਨੂੰ ਆਪਣੇ ਬੱਚੇ ਦੇ ਸਕੂਲ ਵਾਪਸ ਜਾਣ ਬਾਰੇ ਕੋਈ ਫਿਕਰ ਹੋਣ ਤੇ ਆਪਣੇ ਇਨ੍ਹਾਂ ਫਿਕਰਾਂ ਬਾਰੇ ਸਕੂਲ ਦੇ ਨਾਲ ਸਿੱਧੇ ਗੱਲ ਕਰੋ । ਸਕੂਲ ਨੇ ਜੋ ਬਚਾਓ ਕਦਮ ਇਸ ਵੇਲੇ ਚੁੱਕੇ ਹਨ, ਦੇ ਬਾਰੇ ਤੁਹਾਨੂੰ ਭਰੋਸਾ ਦੇਣ ਦੇ ਯੋਗ ਹੋਵੇਗਾ , ਅਤੇ ਸਾਰੇ ਸਕੂਲ ਹੈੱਲਥ(ਸੇਹਤ), ਲੋਕਲ ਅਥਾਰਟੀ (ਸਥਾਨਿਕ ਅਦਾਰਾ) ਸਰਵਿਸਿਜ਼ ਅਤੇ ਹੋਰ ਏਜੰਸੀਆਂ ਜੋ ਕਿ ਜ਼ਰੂਰਤ ਪੈਣ ਤੇ ਮਦਦ ਕਰਨ ਦੇ ਯੋਗ ਹਨ, ਦੇ ਨਾਲ ਮਿਲਜੁਲ ਕੇ ਕੰਮ ਕਰ ਰਹੇ ਹਨ ।

ਇਸ ਦੇ ਨਾਲ ਹੀ, ਲੋਕਲ ਅਥਾਰਟੀਆਂ ਦੇ ਵਿਚਾਰ ਵਿੱਚ ਇਹ ਉਚਿਤ ਨਹੀਂ ਹੈ ਕਿ ਸਕੂਲ ਖੁੱਲ੍ਹਣ ਤੋਂ ਬਾਅਦ ਤੁਸੀਂ ਆਪਣੇ ਬੱਚੇ ਨੂੰ ਸਕੂਲ ਤੋਂ ਬਾਹਰ ਪਰਿਵਾਰਿਕ ਛੁੱਟੀ(ਫੈਮਿਲੀ ਹੌਲੀਡੇ) ਜਾਂ ਹੋਰ ਟਰਮ ਟਾਈਮ ਛੁੱਟੀ ਤੇ ਲੈ ਕੇ ਜਾਓ, ਕਿਉਂਕਿ ਲੌਕਡਾਊਨ ਦੇ ਦੌਰਾਨ ਖੁੰਝੀ ਗਈ ਪੜ੍ਹਾਈ ਦੀ ਕਮੀ ਨੂੰ ਪੂਰਾ ਕਰਨ ਦੇ ਲਈ, ਕੇਂਦ੍ਰਿਤ(ਧਿਆਨ ਦੇਣ ਵਾਲੀ) ਵਾਧੂ ਮਦਦ ਲੈਣ ਤੋਂ ਤੁਹਾਡਾ ਬੱਚਾ ਖੁੰਝ

ਸਕਦਾ ਹੈ । ਜੇਕਰ ਕੋਈ ਮਾਪੇ ਆਪਣੇ ਬੱਚੇ ਨੂੰ ਸਕੂਲ ਤੋਂ ਬਾਹਰ ਲੈ ਕੇ ਜਾਣ ਬਾਰੇ ਸੋਚ ਰਹੇ ਹਨ ਤਾਂ ਉਹ ਸਕੂਲ ਦੀ 'ਗ਼ੈਰ ਹਾਜ਼ਰੀ ਲਈ ਛੁੱਟੀ ਦੀ ਅਰਜ਼ੀ'(request for leave of absence) ਦੀ ਕਾਰਜਪ੍ਰਣਾਲੀ ਦੇ ਅਨੁਸਾਰ ਛੁੱਟੀ ਦੀ ਅਰਜ਼ੀ ਕਰਨ ਅਤੇ ਜੇਕਰ ਕੋਈ ਖ਼ਾਸ ਹਾਲਾਤ ਹੋਣ ਤਾਂ ਇਸਦੇ ਬਾਰੇ ਵਿਚਾਰ ਕਰਨ ਦੇ ਲਈ ਹੈੱਡਟੀਚਰ(ਮੁੱਖ ਅਧਿਆਪਕ) ਨੂੰ ਕਾਫੀ ਸਮਾਂ ਦਿਓ । ਜਿਨ੍ਹਾਂ ਨਿਯਮਿਤ ਤੌਰ ਤੇ ਤੁਹਾਡਾ ਬੱਚਾ ਸਕੂਲ ਜਾਂਦਾ ਹੈ, ਉਨ੍ਹਾਂ ਹੀ ਜ਼ਿਆਦਾ ਉਹ ਪੜ੍ਹਾਈ ਦਾ ਲਾਭ ਉਠਾ ਸਕਣਗੇ ਅਤੇ ਰਹਿੰਦਾ ਕੰਮ ਪੂਰਾ ਕਰ ਸਕਣਗੇ । ਸਕੂਲ ਦੁਆਰਾ ਨਾ ਮੰਜ਼ੂਰ ਕੀਤੀ ਗਈ ਕਿਸੇ ਵੀ ਛੁੱਟੀ ਦੇ ਲਈ ਜ਼ੁਰਮਾਨੇ ਦਾ ਨੋਟਿਸ ਦਿੱਤਾ ਜਾ ਸਕਦਾ ਹੈ ।

ਪਿਛਲੇ ਕੁਝ ਮਹੀਨਿਆਂ ਦੇ ਦੌਰਾਨ ਤੁਹਾਡੇ ਬੱਚੇ ਦੀ ਪੜ੍ਹਾਈ ਵਿੱਚ ਆਈਆਂ ਕਾਫੀ ਸਾਰੀਆਂ ਰੁਕਾਵਟਾਂ ਤੋਂ ਬਾਅਦ, ਇਹ ਬਹੁਤ ਜ਼ਰੂਰੀ ਹੈ ਕਿ ਬੱਚਿਆਂ ਨੂੰ ਸਕੂਲ ਵਾਪਸ ਲੈ ਕੇ ਆਉਣ ਲਈ ਸਕੂਲ ਅਤੇ ਮਾਪੇ ਮਿਲ ਕੇ ਕੰਮ ਕਰਨ । ਤੁਹਾਡੀ ਗੱਲ ਸੁਣਨ ਲਈ ਸਕੂਲ ਤਿਆਰ ਹੈ ਇਸਲਈ ਜੇਕਰ ਤੁਹਾਨੂੰ ਕੋਈ ਫਿਕਰ ਹਨ ਤਾਂ ਕਿਰਪਾ ਕਰਕੇ ਉਨ੍ਹਾਂ ਨੂੰ ਸੰਪਰਕ ਕਰੋ ਅਤੇ ਉਹ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰਨਗੇ ।

ਅਸੀਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਆਉਣ ਵਾਲੇ ਵਿਦਿਅਕ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦੇ ਹਾਂ ।